## 2. ਪੰਜਾਬ ਸਰਕਾਰੀ ਭਾਸ਼ਾ ਐਕਟ, 1967

### ( 1967 ਦਾ ਐਕਟ ਨੰਬਰ 5)

(ਪੰਜਾਬ ਦੇ ਰਾਜ ਪਾਲ ਦੀ ਮਨਜ਼ੂਰੀ 29 ਦਿਸੰਬਰ, 1967 ਨੂੰ ਪ੍ਰਾਪਤ ਹੋਣ ਤੇ ਪਹਿਲੀ ਵਾਰ ਪੰਜਾਬ ਸਰਕਾਰ ਦੇ ਗਜ਼ਟ (ਵਿਸ਼ੇਸ਼ ) ਦੇ ਵੇਧਾਨਿਕ ਸਪਲੀਮੈਂਟ ਪਾਰਟ-੧ ਵਿਚ 29 ਦਿਸੰਬਰ, 1967 ਨੂੰ ਛਪਿਆ)

| 1 | 2 | 3 | 4 |
|---|---|---|---|
| ਸਾਲ | ਨੰਬਰ | ਛੋਟਾ ਸਿਰਲੇਖ | ਕਾਨੂੰਨ ਰਾਹੀਂ ਕੀਤੀਆਂ ਸੋਧਾਂ |
| 1967 | 5 | ਪੰਜਾਬ ਭਾਸ਼ਾ ਐਕਟ, 1967 | (1) 1969 ਦੇ ਪੰਜਾਬ ਐਕਟ ਨੰਬਰ ੧੧ ਰਾਹੀਂ ਸੋਧਿਆ ਗਿਆ ;<br>(2) 1970 ਦੇ ਕਾਨੂੰਨ ਅਪਨਾਣ ਦੇ ਆਦੇਸ਼ ਰਾਹੀਂ ਸੋਧਿਆ ਗਿਆ ;<br>(3) 1982 ਦੇ ਪੰਜਾਬ ਐਕਟ ਨੰਬਰ 12 ਰਾਹੀਂ ਸੋਧਿਆ ਗਿਆ;<br>(4) 2008 ਦੇ ਪੰਜਾਬ ਐਕਟ ਨੰਬਰ 25 ਰਾਹੀਂ ਸੋਧਿਆ ਗਿਆ |

ਪੰਜਾਬੀ ਨੂੰ ਪੰਜਾਬ ਰਾਜ ਵਿਚ ਸਾਰੇ ਜਾਂ ਕੁਝ ਸਰਕਾਰੀ ਮੰਤਵਾਂ ਲਈ ਪ੍ਰਯੋਗ ਹੋਣ ਵਾਲੀ ਭਾਸ਼ਾ ਦੇ ਤੌਰ ਤੇ ਅਪਨਾਣ ਦਾ ਪ੍ਰਬੰਧ ਕਰਣ ਲਈ ਇਕ ਕਾਨੂੰਨ !

ਭਾਰਤੀ ਲੋਕ ਰਾਜ ਦੇ 18 ਵੇਂ ਸਾਲ ਵਿਚ ਪੰਜਾਬ ਰਾਜ ਦੀ ਵਿਧਾਨ-ਮੰਡਲ ਦੁਆਰਾ ਹੇਠ ਲਿਖੇ ਅਨੁਸਾਰ ਇਹ ਐਕਟ ਬਣੇ :-

**1.** ਸੰਖੇਪ ਨਾਂ, ਵਿਸਤਾਰ ਅਤੇ ਆਰੰਭ-

**(1)** ਇਸ ਐਕਟ ਨੂੰ ਪੰਜਾਬ ਸਰਕਾਰੀ ਭਾਸ਼ਾ ਐਕਟ, 1967

ਕਿਹਾ ਜਾ ਸਕੇਗਾ

**(2)** ਇਸ ਦਾ ਵਿਸਤਾਰ ਪੂਰੇ ਪੰਜਾਬ ਰਾਜ ਵਿਚ ਹੋਵੇਗਾ

**(3)** ਇਹ ਤੁਰੰਤ ਪ੍ਰਭਾਵ ਨਾਲ ਲਾਗੂ ਹੋਵੇਗਾ

**2.** **ਪਰਿਭਾਸ਼ਾਵਾਂ**.-ਇਸ ਐਕਟ ਵਿਚ, ਜੇਕਰ ਪ੍ਰਸੰਗ ਹੋਰਵੇਂ ਨਾਂ ਲੋੜੇ-

(**ਏ** ) "ਪੰਜਾਬੀ" ਤੋਂ ਭਾਵ ਹੈ ਗੁਰਮੁਖੀ ਲਿਪੀ ਵਿਚ ਲਿਖੀ ਪੰਜਾਬੀ

( **ਬੀ**) "ਰਾਜ ਸਰਕਾਰ" ਤੋਂ ਭਾਵ ਹੈ ਪੰਜਾਬ ਰਾਜ ਦੀ ਸਰਕਾਰ

**3. ਪੰਜਾਬੀ ਰਾਜ ਦੀ ਸਰਕਾਰੀ ਭਾਸ਼ਾ ਹੋਵੇਗੀ**- ਪੰਜਾਬੀ ਪੰਜਾਬ ਰਾਜ ਦੀ ਸਰਕਾਰੀ ਭਾਸ਼ਾ ਰਹੇਗੀ **!**

*****(3- ਏ )ਅਦਾਲਤਾਂ ਅਤੇ ਟ੍ਰਿਬਿਊਨਲਾਂ ਵਿਚ ਪੰਜਾਬੀ ਦੀ ਵਰਤੋਂ**.- **(1)** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਅਧੀਨ ਆਉਂਦੀਆਂ ਸਾਰੀਆਂ ਦੀਵਾਨੀ ਅਤੇ ਫੌਜਦਾਰੀ ਅਦਾਲਤਾਂ, ਸਾਰੀਆਂ ਮਾਲੀਆ ਅਦਾਲਤਾਂ ਅਤੇ ਕਿਰਾਇਆ ਟ੍ਰਿਬਿਊਨਲਾਂ , ਜਾਂ ਰਾਜ ਸਰਕਾਰ ਵਲੋਂ ਗਠਤ ਹੋਰ ਕਿਸੇ ਵੀ ਤਰਾਂ ਦੀਆਂ ਅਦਾਲਤਾਂ ਅਤੇ ਟ੍ਰਿਬਿਊਨਲਾਂ ਵਿਚ ਕਾਰਜ ਪੰਜਾਬੀ ਵਿਚ ਕੀਤਾ ਜਾਵੇਗਾ !

**ਵਿਆਖਿਆ** : ਇਸ ਧਾਰਾ ਦੇ ਮੰਤਵ ਲਈ, "ਦੀਵਾਨੀ ਅਦਾਲਤਾਂ" ਅਤੇ 'ਫੌਜਦਾਰੀ ਅਦਾਲਤਾਂ" ਦਾ ਕ੍ਰਮਵਾਰ ਅਰਥ ਉਹ ਹੀ ਲਿਆ ਜਾਵੇਗਾ ਜਿਹੜਾ ਦੀਵਾਨੀ ਪ੍ਰਕਿਰਿਆ ਸੰਹਿਤਾ, 1908 ਅਤੇ ਫੌਜਦਾਰੀ ਪ੍ਰਕਿਰਿਆ ਸੰਹਿਤਾ, 1973 ਵਿਚ ਦਿੱਤਾ ਗਿਆ ਹੈ

**(2)** ਰਾਜ ਸਰਕਾਰ ਦੇ ਸੰਬੰਧਤ ਪ੍ਰਬੰਧਕੀ ਵਿਭਾਗ ਸੰਬੰਧਤ ਸਟਾਫ ਨੂੰ ਮੂਲ ਢਾਂਚਾ ਅਤੇ ਸਿਖਲਾਈ ਦੇਣ ਦਾ ਪ੍ਰਬੰਧ ਕਰਣਗੇ ਤਾਂ ਜੋ ਇਸ ਧਾਰਾ ਦੀ ਉਪ-ਧਾਰਾ (1) ਵਿਚ ਆਉਂਦੀਆਂ ਸਾਰੀਆਂ ਅਦਾਲਤਾਂ ਅਤੇ ਟ੍ਰਿਬਿਊਨਲਾਂ ਵਿਚ ਪੰਜਾਬੀ ਸਰਕਾਰੀ ਭਾਸ਼ਾ (ਸੋਧ) ਐਕਟ, 2008 ਦੇ ਆਰੰਭ ਕਰਣ ਦੀ ਤਾਰੀਖ ਤੋਂ ਅਗਲੇ ਛੇ ਮਹੀਨਿਆਂ ਦੇ ਅੰਦਰ ਪੰਜਾਬੀ ਦੇ ਪ੍ਰਯੋਗ ਨੂੰ ਯਕੀਨੀ ਬਣਾਇਆ ਜਾ ਸਕੇ .!

*****(3-ਬੀ)- ਰਾਜ ਸਰਕਾਰ ਦੇ ਦਫਤਰਾਂ ਅਤੇ ਸਰਕਾਰੀ ਖੇਤਰ ਦੇ ਅਦਾਰਿਆਂ ਵਿਚ ਪੰਜਾਬੀ ਦੀ ਵਰਤੋਂ ਆਦਿ** .-

ਰਾਜ ਸਰਕਾਰ ਦੇ ਸਾਰੇ ਦਫਤਰਾਂ, ਸਰਕਾਰੀ ਖੇਤਰ ਦੇ ਅਦਾਰਿਆਂ, ਬੋਰਡਾਂ ਅਤੇ ਸਥਾਨਕ ਨਿਕਾਵਾਂ, ਅਤੇ ਰਾਜ ਸਰਕਾਰ ਦੇ ਸਕੂਲਾਂ, ਕਾਲਜਾਂ, ਯੂਨੀਵਰਸਟੀਆਂ ਵਿਚ ਅਧਿਕਾਰਿਤ ਪੱਤਰ ਵਿਹਾਰ ਪੰਜਾਬੀ ਵਿਚ ਕੀਤਾ ਜਾਵੇਗਾ

**4. ਸਰਕਾਰ ਦੀਆਂ ਪੰਜਾਬੀ ਦੀ ਸਰਕਾਰੀ ਕਾਰਜਾਂ ਲਈ ਵਰਤੋਂ ਕਰਨ ਦੇ ਮੰਤਵਾਂ ਬਾਰੇ ਨੋਟੀਫਿਕੇਸ਼ਨ ਕੱਢਣ ਦੀਆਂ ਸ਼ਕਤੀਆਂ**.-

ਰਾਜ ਸਰਕਾਰ ਸਮੇਂ ਸਮੇਂ , ਨੋਟੀਫਿਕੇਸ਼ਨ ਰਾਹੀਂ, ਇਹ ਨਿਰਦੇਸ਼ ਦੇ ਸਕਦੀ ਹੈ ਕਿ ਨੋਟੀਫਿਕੇਸ਼ਨ ਵਿਚ ਪ੍ਰਕਾਸ਼ਤ ਕਿਹੜੇ ਸਰਕਾਰੀ ਕਾਰਜਾਂ ਲਈ ਅਤੇ ਕਿਹੜੀ ਤਾਰੀਖ ਤੋਂ ਪੰਜਾਬੀ ਦੀ ਵਰਤੋਂ ਕੀਤੀ ਜਾਵੇਗੀ

**5. ਬਿਲਾਂ ਵਿਚ ਪ੍ਰਯੋਗ ਕੀਤੀ ਜਾਣ ਵਾਲੀ ਭਾਸ਼ਾ**.- ਰਾਜ ਸਰਕਾਰ, ਉਸ ਤਾਰੀਖ ਤੋਂ ਅਤੇ ਅੱਗੋਂ ਤੋਂ, ਜੋ ਰਾਜ ਸਰਕਾਰ , ਅਧਿਸੂਚਨਾਂ ਰਾਹੀਂ, ਮੁਕਰਰ ਕਰੇਗੀ,

**(ਏ )** ਰਾਜ ਦੇ ਵਿਧਾਨ -ਮੰਡਲ ਵਿਚ ਹਰ ਤਰਾਂ ਦੇ ਬਿੱਲ ਪੇਸ਼ ਕਰਣ ਲਈ, ਉਹਨਾਂ ਵਿਚ ਸੋਧਾਂ ਪੇਸ਼ ਕਰਣ ਲਈ,

**(ਬੀ )** ਰਾਜ ਦੇ ਵਿਧਾਨ -ਮੰਡਲ ਵਲੋਂ ਪਾਸ ਕੀਤੇ ਸਾਰੇ ਐਕਟ ,

**(ਸੀ)** ਰਾਜ ਪਾਲ ਜੀ ਵਲੋਂ ਸੰਵਿਧਾਨ ਦੀ ਧਾਰਾ 213 ਦੇ ਤਹਿਤ ਮਨਜ਼ੂਰ ਕੀਤੇ ਸਾਰੇ ਆਰਡੀਨੈਂਸ , ਅਤੇ

**(ਡੀ )** ਰਾਜ ਸਰਕਾਰ ਵਲੋਂ ਸੰਵਿਧਾਨ ਦੇ ਤਹਿਤ , ਜਾਂ ਸੰਸਦ ਵਲੋਂ ਜਾਂ ਰਾਜ ਦੇ ਵਿਧਾਨ -ਮੰਡਲ ਵਲੋਂ ਬਣਾਏ ਕਿਸੇ

ਕਾਨੂੰਨ ਦੇ ਤਹਿਤ, ਜਾਰੀ ਕੀਤੇ ਸਾਰੇ ਹੁਕਮ,ਨਿਯਮ,ਰੈਗੁਲੇਸ਼ਨ ਅਤੇ ਉਪ-ਨਿਯਮ

ਪੰਜਾਬੀ ਵਿੱਚ ਹੋਣਗੇ !

ਪਰੰਤੂ ਰਾਜ ਸਰਕਾਰ ਉਪ -ਧਾਰਾ ( ਏ ) ਤੋਂ (ਡੀ) ਵਿਚ ਜ਼ਿਕਰ ਕੀਤੇ ਵੱਖ ਵੱਖ ਮੰਤਵਾਂ ਲਈ ਵੱਖ ਵੱਖ ਤਾਰੀਖਾਂ ਮੁਕਰਰ ਕਰ ਸਕਦੀ ਹੈ !

**6. ਰਾਜ ਦੀ ਵਿਧਾਨ ਪਾਲਕਾਂ ਵਿਚ ਅੰਗਰੇਜ਼ੀ ਭਾਸ਼ਾ ਦੀ ਵਰਤੋਂ ਜਾਰੀ ਰਹਿਣ ਬਾਰੇ**.-ਜਦੋਂ ਤਕ ਰਾਜ ਸਰਕਾਰ ਧਾਰਾ 4 ਦੇ ਅਧੀਨ ਅਧਿਸੂਚਨਾ ਰਾਹੀਂ ਕਿਸੇ ਹੋਰ ਤਰਾਂ ਦਾ ਹੁਕਮ ਜਾਰੀ ਨਹੀਂ ਕਰਦੀ, ਉਦੋਂ ਤਕ ਅੰਗਰੇਜ਼ੀ ਦੀ ਵਰਤੋਂ, ਰਾਜ ਦੇ ਵਿਧਾਨ -ਮੰਡਲ ਵਿਚ ਕਾਰੋਬਾਰ ਲਈ, ਰਾਜ ਦੀ ਸਰਕਾਰੀ ਭਾਸ਼ਾ ਜਾਂ ਹਿੰਦੀ ਤੋਂ ਇਲਾਵਾ, ਅੰਗ੍ਰੇਜ਼ੀ ਦੀ ਵਰਤੋਂ ਜਾਰੀ ਰੱਖ ਸਕੇਗੀ !!

*__6- ਏ . ਕੇਂਦਰ ਅਤੇ ਰਾਜ ਦੇ ਕਾਨੂੰਨਾਂ ਆਦਿ ਦਾ ਅਧਿਕਾਰਕ ਅਨੁਵਾਦ__.- ਰਾਜ ਪਾਲ ਜੀ ਦੇ ਅਖਤਿਆਰ ਅਧੀਨ ਰਾਜ ਦੇ ਸਰਕਾਰੀ ਗਜ਼ਟ ਵਿਚ, ਅਜਿਹੀ ਅਧਿਸੂਚਨਾ ਵਿਚ ਮੁਕਰਰ ਤਾਰੀਖ ਅਤੇ ਉਸਤੋਂ ਬਾਅਦ ਛਪਿਆ ਕੋਈ ਅਧਿਕਾਰਕ ਪੰਜਾਬੀ ਅਨੁਵਾਦ :

*( ਏ) ਕਿਸੇ ਕੇਂਦਰੀ ਕਾਨੂੰਨ ਜਾਂ ਰਾਸ਼ਟਰਪਤੀ ਵਲੋਂ ਸੰਵਿਧਾਨ ਦੇ ਸਤਵੇਂ ਸ਼ੈਡਿਊਲ ਦੀ ਸੂਚੀ -III ਵਿਚ ਦਰਜ ਕਿਸੇ ਵੀ ਵਿਸ਼ੇ ਤੇ ਜਾਰੀ ਕੀਤੇ ਕਿਸੇ ਆਰਡੀਨੈਂਸ ਦਾ

**(ਏ ਏ) ਸਵਿੰਧਾਨ ਦੇ ਸਤਵੇਂ ਸ਼ਡਿਊਲ ਦੀ ਸੂਚੀ -II ਵਿਚ ਦਰਜ ਕਿਸੇ ਵੀ ਮੰਤਵ ਲਈ, ਸੰਵਿਧਾਨ ਦੇ ਆਰੰਭ ਤੋਂ ਪਹਿਲਾਂ ਬਣਾਏ ਕਿਸੇ ਕਾਨੂੰਨ ਦਾ

**(**ਏ ਏ ਏ) ਸੰਵਿਧਾਨ ਦੀ ਧਾਰਾ 252 ਦੇ ਅਧੀਨ ਪਾਸ ਕੀਤੇ ਕਿਸੇ ਵੀ ਐਕਟ ਦਾ

(ਬੀ ) ਰਾਜ ਦੇ ਕਿਸੇ ਵੀ ਐਕਟ ਜਾਂ ਰਾਜਪਾਲ ਵਲੋਂ ਜਾਰੀ ਕਿਸੇ ਵੀ ਆਰਡੀਨੈਂਸ , ਜਾਂ

(ਸੀ) ਰਾਜ ਸਰਕਾਰ ਵਲੋਂ ਸੰਵਿਧਾਨ ਦੇ ਤਹਿਤ ਜਾਂ ਸੰਸਦ ਜਾਂ ਰਾਜ ਦੇ ਵਿਧਾਨ -ਮੰਡਲ ਵਲੋਂ ਪਾਸ ਕੀਤੇ ਕਿਸੇ ਕਾਨੂੰਨ ਦੇ ਤਹਿਤ ਜਾਰੀ ਕੀਤੇ ਕਿਸੇ ਹੁਕਮ,ਨਿਯਮ,ਰੈਗੁਲੇਸ਼ਨ, ਅਤੇ ਉੱਪ-ਨਿਯਮ ਦਾ ਪੰਜਾਬੀ ਅਨੁਵਾਦ ਉਸ ਦਾ ਅਧਿਕਾਰਕ ਪਾਠ ਮੰਨਿਆ ਜਾਵੇਗਾ !

**7. ਵਿਅਕਤੀ ਦਾ ਰਾਜ ਵਿਚ ਪ੍ਰਯੋਗ ਹੋ ਰਹੀ ਕਿਸੇ ਵੀ ਭਾਸ਼ਾ ਵਿਚ ਪ੍ਰਤੀ-ਬੇਨਤੀ ਦੇਣ ਦਾ ਅਧਿਕਾਰ**.-ਇਸ ਐਕਟ ਵਿਚਲਾ ਕੁਝ ਵੀ ਕਿਸੇ ਵਿਅਕਤੀ ਨੂੰ ਆਪਣੇ ਕਿਸੇ ਗਿਲੇ ਨੂੰ ਦੂਰ ਕਰਵਾਉਣ ਲਈ, ਕਿਸੇ ਵੀ ਅਫਸਰ ਜਾਂ ਅਥਾਰਟੀ ਨੂੰ, ਰਾਜ ਵਿਚ ਪ੍ਰਯੋਗ ਹੋ ਰਹੀ , ਹਿੰਦੀ ਸਮੇਤ, ਕਿਸੇ ਵੀ ਭਾਸ਼ਾ ਵਿਚ ਪ੍ਰਤੀ-ਬੇਨਤੀ ਦੇਣ ਤੋਂ ਵੰਚਿਤ ਨਹੀਂ ਕਰੇਗਾ !

**8. ਹਿੰਦੀ ਭਾਸ਼ਾ ਦਾ ਪ੍ਰਸਾਰ**.-ਇਸ ਐਕਟ ਵਿਚਲੀਆਂ ਵਿਵਸਥਾਵਾਂ ਤੋਂ ਪ੍ਰਭਾਵ ਲਏ ਬਗੈਰ ,ਰਾਜ ਸਰਕਾਰ ਹਿੰਦੀ ਭਾਸ਼ਾ ਦੇ ਪ੍ਰਸਾਰ ਲਈ ਲੋੜੀਂਦੇ ਕਦਮ ਚੁੱਕੇਗੀ !

*** **(8- ਏ**) . **ਨਿਰੀਖਣ ਕਰਨ ਦੀ ਸ਼ਕਤੀ ਸ਼ਕਤੀ**.-ਇਸ ਐਕਟ ਦੀ ਧਾਰਾ 3 ਅਤੇ 3- ਏ ਦੀਆਂ ਵਿਵਸਥਾਵਾਂ ਦੀ ਪਾਲਣਾ ਨੂੰ ਯਕੀਨੀ ਬਨਾਉਣ ਲਈ ਭਾਸ਼ਾ ਵਿਭਾਗ ਦਾ ਨਿਰਦੇਸ਼ਕ, ਜਾਂ ਉਸ ਵਲੋਂ ਅਧਿਕਾਰਤ ਕੋਈ ਅਧਿਕਾਰੀ, ਰਾਜ ਸਰਕਾਰ, ਸਰਕਾਰੀ ਖੇਤਰ ਦੇ ਕਿਸੇ ਅਦਾਰੇ, ਬੋਰਡ ਜਾਂ ਕਾਰਪੋਰੇਸ਼ਨ ਦੇ ਕਿਸੇ ਦਫਤਰ , ਜਾਂ ਕਿਸੇ ਸਕੂਲ, ਕਾਲਜ ਜਾਂ ਰਾਜ ਸਰਕਾਰ ਦੇ ਕਿਸੇ ਵਿਸ਼ਵ ਵਿਦਿਆਲੇ ਦਾ ਨਿਰੀਖਣ ਕਰ ਸਕੇਗਾ ! ਉਸ ਦਫਤਰ ਦਾ ਉਹ ਅਧਿਕਾਰੀ ਜਾਂ ਕਰਮਚਾਰੀ, ਜਿਸ ਪਾਸ ਉਕਤ ਦਫਤਰ ਦਾ ਰਿਕਾਰਡ ਹੈ, ਨਿਰਦੇਸ਼ਕ ਜਾਂ ਅਧਿਕਾਰੀ ਨੂੰ ਉਪਲਬਧ ਕਰੇਗਾ !

*****8-ਬੀ (1)** ਰਾਜ ਪੱਧਰ ਦੀਆਂ ਸਸ਼ਕਤ ਕਮੇਟੀਆਂ -

ਇਸ ਐਕਟ ਦੀਆਂ ਵਿਵਸਥਾਵਾਂ ਦੀ ਰਾਜ ਪੱਧਰ ਤੇ ਸਮੀਖਿਆ ਕਰਨ ਅਤੇ ਲਾਗੂ ਕਰਨ ਲਈ ਇਕ ਰਾਜ ਪੱਧਰ ਦੀ ਸਸ਼ਕਤ ਕਮੇਟੀ ਬਣੇਗੀ .
**(2)** ਰਾਜ ਪੱਧਰ ਦੀ ਸਸ਼ਕਤ ਕਮੇਟੀ ਵਿਚ ਹੇਠ ਲਿਖੇ ਵਿਅਕਤੀ ਹੋਣਗੇ, ਅਰਥਾਤ :

(i) ਸਿਖਿਆ ਮੰਤਰੀ ,ਪੰਜਾਬ : ਚੇਅਰ ਪਰਸਨ

(ii) ਮੁਖ ਮੰਤਰੀ, ਪੰਜਾਬ ਦੇ ਮੀਡਿਆ ਸਲਾਹਕਾਰ : ਮੈਂਬਰ

ਜਾਂ ਮੁਖ ਮੰਤਰੀ ਵਲੋਂ ਨਾਮਜ਼ਦ ਕੋਈ ਹੋਰ ਵਿਅਕਤੀ : ਮੈਂਬਰ

(iii) ਐਡਵੋਕੇਟ ਜਨਰਲ,ਪੰਜਾਬ, ਜਾਂ ਉਸਦਾ ਨੁਮਾਇੰਦਾ : ਮੈਂਬਰ

(iv) ਪੰਜਾਬ ਸਰਕਾਰ ਦੇ ਸਕੂਲ ਸਿਖਿਆ ਵਿਭਾਗ ਦੇ ਸਕੱਤਰ: ਮੈਂਬਰ

(v) ਪੰਜਾਬ ਸਰਕਾਰ ਦੇ ਉਚੇਰੀ ਸਿਖਿਆ ਵਿਭਾਗ ਦੇ ਸਕੱਤਰ: ਮੈਂਬਰ

(vi) ਕਾਨੂੰਨੀ ਰਿਮਬਰਾਂਸਰ ਅਤੇ ਸਕੱਤਰ, ਪੰਜਾਬ ਸਰਕਾਰ: ਮੈਂਬਰ

(vii) ਸਰਕਾਰ ਵਲੋਂ ਨਾਮਜ਼ਦ ਸਹਿਤ ਸਭਾਵਾਂ ਦੇ ਦੋ ਨੁਮਾਇੰਦੇ : ਮੈਂਬਰ

(viii) ਰਾਜ ਸਰਕਾਰ ਵਲੋਂ ਨਾਮਜ਼ਦ ਅਖਬਾਰਾਂ ਨਾਲ ਸਬੰਧਤ 3 ਪ੍ਰਸਿੱਧ ਵਿਅਕਤੀ : ਮੈਂਬਰ

(ix) ਰਾਜ ਸਰਕਾਰ ਵਲੋਂ ਨਾਮਜ਼ਦ ਜਨਤਾ ਨਾਲ ਸਬੰਧਤ 4 ਨੁਮਾਇੰਦੇ: ਮੈਂਬਰ

(x) ਭਾਸ਼ਾ ਨਿਦੇਸ਼ਕ, ਪੰਜਾਬ : ਮੈਂਬਰ

**(3)** ਇਸ ਐਕਟ ਦੀਆਂ ਵਿਵਸਥਾਵਾਂ ਨੂੰ ਲਾਗੂ ਕਰਨ ਵਾਸਤੇ ਰਾਜ ਪੱਧਰ ਦੀ ਸਸ਼ਕਤ ਕਮੇਟੀ ਜ਼ਿਲਾ ਪੱਧਰ ਦੀ ਸਸ਼ਕਤ ਕਮੇਟੀ ਨੂੰ ਅਜਿਹੀਆਂ ਹਿਦਾਇਤਾਂ , ਜਿਹੜੀਆਂ ਉਚਿਤ ਪ੍ਰਤੀਤ ਹੋਣ, ਦੇ ਸਕਦੀ ਹੈ !

**(4)** ਰਾਜ ਪੱਧਰ ਦੀ ਸਸ਼ਕਤ ਕਮੇਟੀ 6 ਮਹੀਨਿਆਂ ਵਿਚ ਘਟੋ ਘੱਟ ਇਕ ਵਾਰੀ ਬੈਠਕ ਕਰੇਗੀ !

*****8-ਸੀ (1) ਜ਼ਿਲਾ ਪੱਧਰ ਦੀ ਸਸ਼ਕਤ ਕਮੇਟੀ**-

ਇਸ ਐਕਟ ਦੀਆਂ ਵਿਵਸਥਾਵਾਂ ਦੀ ਜ਼ਿਲਾ ਪੱਧਰ ਤੇ ਸਮੀਖਿਆ ਕਰਨ ਅਤੇ ਲਾਗੂ ਕਰਨ ਲਈ ਇਕ ਜ਼ਿਲਾ ਪੱਧਰ ਦੀ ਸਸ਼ਕਤ ਕਮੇਟੀ ਬਣਾਈ ਜਾਵੇਗੀ

**(2)** ਜ਼ਿਲਾ ਪੱਧਰ ਦੀ ਸਸ਼ਕਤ ਕਮੇਟੀ ਵਿਚ ਹੇਠ ਲਿਖੇ ਵਿਅਕਤੀ ਹੋਣਗੇ, ਅਰਥਾਤ:

(i) ਮੁਖ ਮੰਤਰੀ ਵਲੋਂ ਨਾਮਜ਼ਦ ਇਕ ਮੰਤਰੀ ਜਾਂ ਜ਼ਿਲੇ ਵਿਚੋਂ ਕੋਈ ਵਿਧਾਨ ਸਭਾ ਦਾ ਮੈਂਬਰ : ਚੇਅਰ ਮੈਨ

(ii) ਡਿਪਟੀ ਕਮਿਸ਼ਨਰ :ਉਪ - ਚੇਅਰ ਮੈਨ

(iii) ਜ਼ਿਲਾ ਸਿਖਿਆ ਅਧਿਕਾਰੀ: : ਮੈਂਬਰ

(iv) ਰਾਜ ਸਰਕਾਰ ਵਲੋਂ ਨਾਮਜ਼ਦ, ਜ਼ਿਲੇ ਦੇ ਪੰਜਾਬੀ ਦੇ ਸਹਿਤਕਾਰਾਂ ਦੇ 2 ਨੁਮਾਇੰਦੇ : ਮੈਂਬਰ

(v) ਰਾਜ ਸਰਕਾਰ ਵਲੋਂ ਨਾਮਜ਼ਦ ਪੰਜਾਬੀ ਅਖਬਾਰਾਂ ਨਾਲ ਸ ਸਬੰਧਤ 3 ਵਿਅਕਤੀ : ਮੈਂਬਰ

(vi) ਜ਼ਿਲਾ ਜਨ ਸੰਪਰਕ ਅਫਸਰ : ਮੈਂਬਰ

(vii) ਰਾਜ ਸਰਕਾਰ ਵਲੋਂ ਨਾਮਜ਼ਦ ਜਨਤਾ ਨਾਲ ਸਬੰਧਤ 4 ਨੁਮਾਇੰਦੇ: ਮੈਂਬਰ

(viii) ਜ਼ਿਲਾ ਅਟਾਰਨੀ : ਮੈਂਬਰ

(ix) ਜ਼ਿਲਾ ਭਾਸ਼ਾ ਅਫਸਰ :: ਕਨਵੀਨਰ

**(3 )** ਜ਼ਿਲਾ ਪੱਧਰ ਦੀ ਸਸ਼ਕਤ ਕਮੇਟੀ ਰਾਜ ਸਰਕਾਰ, ਸਰਕਾਰੀ ਖੇਤਰ ਦੇ ਅਦਾਰਿਆਂ, ਬੋਰਡਾਂ ਅਤੇ ਸਥਾਨਕ ਸੰਸਥਾਵਾਂ ਦੇ ਸਾਰੇ ਦਫਤਰਾਂ, ਅਤੇ ਰਾਜ ਸਰਕਾਰ ਦੇ ਸਕੂਲਾਂ, ਕਾਲਜਾਂ, ਅਤੇ ਯੂਨੀਵਰਸਟੀਆਂ ਦੇ ਦਫਤਰਾਂ ਵਿਚ ਇਸ ਐਕਟ ਦੀਆਂ ਵਿਵਸਥਾਵਾਂ ਦੇ ਲਾਗੂ ਕਰਨ ਦੀ ਸਮੀਖਿਆ ਕਰੇਗੀ, ਅਤੇ ਰਾਜ ਪੱਧਰ ਦੀ ਸਸ਼ਕਤ ਕਮੇਟੀ ਨੂੰ ਰਿਪੋਰਟ ਭੇਜੇਗੀ !

**(4)** ਜ਼ਿਲਾ ਪੱਧਰ ਦੀ ਕਮੇਟੀ ਇਸ ਐਕਟ ਦੀਆਂ ਵਿਵਸਥਾਵਾਂ ਨੂੰ ਲਾਗੂ ਕਰਨ ਲਈ ਰਾਜ ਪੱਧਰ ਦੀ ਕਮੇਟੀ ਵਲੋਂ ਦਿਤੀਆਂ ਹਦਾਇਤਾਂ ਦੀ ਪਾਲਣਾ ਕਰੇਗੀ ਅਤੇ ਅਜਿਹੀਆਂ ਹਦਾਇਤਾਂ ਨੂੰ ਲਾਗੂ ਕਰਣ ਬਾਰੇ ਵਾਪਸੀ ਰਿਪੋਰਟ ਭੇਜੇ ਗੀ !

**(5)** ਜ਼ਿਲਾ ਪੱਧਰ ਦੀ ਸਸ਼ਕਤ ਕਮੇਟੀ 2 ਮਹੀਨਿਆਂ ਵਿਚ ਘਟੋ ਘੱਟ ਇਕ ਵਾਰੀ ਬੈਠਕ ਕਰੇਗੀ !

*****8- ਡੀ (1) ਸਜ਼ਾ** -

ਜੇਕਰ ਉਕਤ ਦਫਤਰਾਂ ਦਾ ਕੋਈ ਅਧਿਕਾਰੀ ਜਾਂ ਕਰਮਚਾਰੀ ਇਸ ਐਕਟ ਦੀਆਂ ਜਾਂ ਇਸ ਦੇ ਤਹਿਤ ਜਾਰੀ ਨੋਟੀਫਿਕੇਸ਼ਨ ਦੀਆਂ ਵਿਵਸਥਾਵਾਂ ਦੀ ਵਾਰ ਵਾਰ ਉਲੰਘਣਾ ਕਰਦਾ ਪਾਇਆ ਜਾਂਦਾ ਹੈ ਤਾਂ ਉਹ ਪੰਜਾਬ ਸਿਵਿਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਵਲੀ, 1970 ਦੇ ਤਹਿਤ ਅਨੁਸ਼ਾਸਨਿਕ ਕਾਰਵਾਈ ਦਾ ਭਾਗੀਦਾਰ ਹੋਵੇਗਾ !

**(2)** ਦੋਸ਼ੀ ਅਧਿਕਾਰੀ ਜਾਂ ਕਰਮਚਾਰੀ ਦੇ ਵਿਰੁੱਧ, ਉਪ-ਧਾਰਾ (1) ਵਿਚ ਵਰਣਿਤ ਕਾਰਵਾਈ, ਸੰਬੰਧਤ ਸਕ੍ਸ਼ਮ ਅਥਾਰਟੀ ਵਲੋਂ, ਨਿਦੇਸ਼ਕ ਭਾਸ਼ਾਵਾਂ, ਪੰਜਾਬ ਦੀ ਸਿਫਾਰਸ਼ ਤੇ ਕੀਤੀ ਜਾਵੇਗੀ !

ਪਰੰਤੂ ਕੋਈ ਅਨੁਸ਼ਾਨਿਕ ਕਾਰਵਾਈ ਕਰਨ ਤੋਂ ਪਹਿਲਾਂ ਸਬੰਧਤ ਅਧਿਕਾਰੀ ਜਾਂ ਕਰਮਚਾਰੀ ਨੂੰ ਸੁਣਵਾਈ ਦਾ ਮੌਕਾ ਦਿੱਤਾ ਜਾਵੇਗਾ !

**9. 1960 ਦਾ ਪੰਜਾਬ ਐਕਟ ਨੰਬਰ 28 ਨਿਰਸਤ-**

ਪੰਜਾਬ ਸਰਕਾਰੀ ਭਾਸ਼ਾਵਾਂ ਐਕਟ,1960 ਨੂੰ ਨਿਰਸਤ ਕੀਤਾ ਜਾਂਦਾ ਹੈ !

---------------------------------------------------------------------------------------------------------------------------------

* ੧ 1969 ਦੇ ਪੰਜਾਬ ਐਕਟ ਨੰਬਰ 11 ਰਾਹੀਂ ਸੰਮਿਲਤ ਕੀਤਾ ਗਿਆ

** 2 1982 ਦੇ ਪੰਜਾਬ ਐਕਟ ਨੰਬਰ 12 ਰਾਹੀਂ ਸੰਮਿਲਤ ਕੀਤਾ ਗਿਆ

*** 3 2008 ਦੇ ਪੰਜਾਬ ਐਕਟ ਨੰਬਰ 27 ਰਾਹੀਂ ਸੰਮਿਲਤ ਕੀਤਾ ਗਿਆ. ! ਇਸ ਸੋਧ ਐਕਟ ਦੀ ਧਾਰਾ 2 ਅਨੁਸਾਰ, ਇਹ ਸੋਧਾਂ, ਇਸ ਦੀ ਧਾਰਾ 3-ਏ ਦੀਆਂ ਵਿਵਸਥਾਵਾਂ ਤੋਂ ਸਿਵਾ (ਜੋ ਕਿ 6 ਮਹੀਨੇ ਦਾ ਸਮਾਂ ਬੀਤ ਜਾਣ ਤੇ ਪ੍ਰਭਾਵ ਵਿਚ ਆਵੇਗੀ), ਇਸ ਦੇ ਆਰੰਭ ਦੀ ਤਰੀਕ ਤੋਂ ਲਾਗੂ ਹੋਣਗੀਆਂ !